# ਇਨਕਲਾਬ ਦੀ ਪਰਿਕਰਮਾ

(ਅਜਮੇਰ ਸਿੱਧੂ ਦੀ ਕਿਤਾਬ ***ਬਾਬਾ ਬੂਝਾ ਸਿੰਘ-ਗ਼ਦਰ ਤੋਂ ਨਕਸਲਬਾੜੀ ਤੱਕ*** ਬਾਰੇ ਚਰਚਾ)

-ਜਸਵੀਰ ਸਮਰ

ਇਹ ਕਿਤਾਬ ਗ਼ਦਰੀ ਬਾਬੇ ਬੂਝਾ ਸਿੰਘ ਦੀ ਕਥਾ ਕਰਦੀ ਕਰਦੀ ਪੰਜਾਬ ਦੀਆਂ ਤਕਰੀਬਨ ਪੌਣੀ ਸਦੀ ਦੀਆਂ ਅਹਿਮ ਸਰਗਰਮੀਆਂ ਉੱਤੇ ਝਾਤ ਪਾ ਗਈ ਹੈ। ਇਸ ਕਿਤਾਬ ਵਿਚੋਂ ਬਾਬਾ ਬੂਝਾ ਸਿੰਘ ਦਾ ਜਿਹੜਾ ਅਕਸ ਉੱਭਰਦਾ ਹੈ, ਉਹ ਬੰਦੇ ਦੀ ਸੌਖੇਰੀ ਜ਼ਿੰਦਗਾਨੀ ਲਈ ਜੂਝ ਰਹੇ ਲੋਕਾਂ ਲਈ ਬਹੁਤ ਵੱਡੇ ਸਵਾਲ ਛੱਡ ਜਾਂਦਾ ਹੈ। ਬਾਬਾ ਬੂਝਾ ਸਿੰਘ 70ਵਿਆਂ ਵਿਚ ਪਿਛਲੀ ਉਮਰ ਵਿਚ ਵੀ ਹਥਿਆਰਬੰਦ ਸੰਘਰਸ਼ ਦੇ ਜ਼ਰੀਏ ਇਨਕਲਾਬ ਲਿਆਉਣ ਉੱਠੀ ਲਹਿਰ ਉੱਤੇ ਟੇਕ ਰੱਖਦਾ ਹੈ। ਇੱਥੇ ਸਵਾਲ ਇਹ ਹੈ ਕਿ ਸਾਰੀ ਉਮਰ ਲੋਕ ਲਹਿਰਾਂ ਦੇ ਲੇਖੇ ਲਾਉਣ ਵਾਲਾ ਬੰਦਾ ਇਹ ਰਾਹ ਕਿਉਂ ਅਖਤਿਆਰ ਕਰਦਾ ਹੈ? ਪਿਛਲੀ ਉਮਰ ਵਿਚ ਜਦੋਂ ਆਮ ਤੌਰ 'ਤੇ ਸਰੀਰਕ ਹੀ ਨਹੀਂ, ਮਾਨਸਿਕ ਵੇਗ ਵੀ ਮੱਠਾ ਪੈ ਜਾਂਦਾ ਹੈ ਤਾਂ ਬੂਝਾ ਸਿੰਘ ਇਕ ਵਾਰ ਫ਼ਿਰ, ਇਨਕਲਾਬ ਲਈ ਲੰਗੋਟ ਕੱਸ ਕੇ ਪੂਰੇ ਤਾਣ ਨਾਲ ਮੈਦਾਨ ਵਿਚ ਕੁੱਦ ਪੈਂਦਾ ਹੈ।

ਇਸ ਪ੍ਰਸੰਗ ਵਿਚ ਭਗਤ ਸਿੰਘ ਦੀ ਗੱਲ ਕਰਨੀ ਬਣਦੀ ਹੈ। ਭਗਤ ਸਿੰਘ ਦੀ ਚਰਚਾ ਵੱਖਰੇ ਵੱਖਰੇ ਨੁਕਤਿਆਂ ਮੁਤਾਬਕ ਹਥਿਆਰਬੰਦ ਸੰਗਰਾਮੀਏ, ਕੌਮੀ ਨਾਇਕ ਅਤੇ ਚਿੰਤਕ ਵਜੋਂ ਹੁੰਦੀ ਹੈ। ਦੇਖਣ ਅਤੇ ਸਮਝਣ ਵਾਲੀ ਗੱਲ ਇਹ ਹੈ ਕਿ ਭਗਤ ਸਿੰਘ ਵੱਖ ਵੱਖ ਸਮਿਆਂ 'ਤੇ ਵੱਖਰੇ ਵੱਖਰੇ ਰੂਪ ਵਿਚ ਅਤੇ ਵੱਖਰੀ ਵੱਖਰੀ ਸਮਝ ਨਾਲ ਸਾਡੇ ਸਾਹਮਣੇ ਆਉਂਦਾ ਹੈ ਪਰ ਇਹ ਤਿੰਨੇ ਰੂਪ ਆਪਸ ਵਿਚ ਖਹਿੰਦੇ ਨਹੀਂ, ਇਨ੍ਹਾਂ ਦਾ ਆਪਸ ਵਿਚ ਕੋਈ ਤਕਰਾਰ ਨਹੀਂ ਦਿਸਦਾ, ਨਾ ਉਹ ਆਪ ਇਕ ਦੂਜੇ ਰੂਪ ਨੂੰ ਰੱਦ ਕਰਦਾ ਹੈ ਬਲਕਿ ਤਿੰਨੇ ਰੂਪ ਇਕ ਦੂਜੇ ਦੇ ਪੂਰਕ ਹਨ। ਇਨ੍ਹਾਂ ਦੇ ਸੁਮੇਲ ਤੋਂ ਭਗਤ ਸਿੰਘ ਦਾ ਜਿਹੜਾ ਅਕਸ ਉੱਭਰਦਾ ਹੈ, ਉਸ ਨੂੰ ਸਮਝਣ ਲਈ ਸਮੁੱਚਤਾ (totality) ਵਿਚ ਗੱਲ ਕਰਨੀ ਦਰਕਾਰ ਹੈ। ਦਰਅਸਲ ਇਹ ਤਿੰਨੇ ਰੂਪ ਭਗਤ ਸਿੰਘ ਦੇ ਭੱਥੇ ਵਿਚ ਪਏ ਤਿੰਨ ਤੀਰ ਹਨ ਜਿਨ੍ਹਾਂ ਨੂੰ ਉਹ ਵੱਖ ਵੱਖ ਮੌਕਿਆਂ 'ਤੇ ਆਪਣੀ ਸਹੂਲਤ ਅਤੇ ਪਹੁੰਚ ਮੁਤਾਬਕ ਵਰਤਦਾ ਹੈ। ਇਹੀ ਗੱਲ ਬਾਬਾ ਬੂਝਾ ਸਿੰਘ ਉੱਤੇ ਢੁੱਕਦੀ ਹੈ। ਜਦ ਵੀ ਕਦੀ ਇਨਕਲਾਬ ਦਾ ਹੋਕਾ ਲਗਦਾ ਹੈ, ਉਹ ਆਪਣੇ ਭੱਥੇ ਵਿਚੋਂ ਲੋੜ ਮੁਤਾਬਕ ਤੀਰ ਕੱਢ ਲੈਂਦਾ ਹੈ ਅਤੇ ਇਨਕਲਾਬ ਲਈ ਪਿੜ ਤਿਆਰ ਕਰਨ ਲਗਦਾ ਹੈ। 70ਵਿਆਂ ਵਿਚ ਜਦੋਂ ਇਨਕਲਾਬ ਦਾ ਹੋਕਾ ਲੱਗਿਆ ਤਾਂ ਉਹ ਜ਼ਿੰਦਗੀ ਦੇ ਭਰਪੂਰ 80 ਵਰ੍ਹੇ ਲੰਘਾ ਚੁੱਕਾ ਸੀ ਅਤੇ ਇਸ ਪੱਕੀ ਉਮਰ ਵਿਚ ਜਿਸ ਵੀ ਨੌਜਵਾਨ ਨੇ ਇਕ ਵਾਰ ਉਸ ਦਾ ਸਕੂਲ ਲਾ ਲਿਆ, ਉਹ ਰਾਤੋ-ਰਾਤ ਮੋਢੇ ਉੱਤੇ ਸਲੀਬ ਚੁੱਕ ਕੇ ਤੁਰ ਪਿਆ। ਇਹ ਉਸ ਸ਼ਖ਼ਸ ਦੀ ਕਥਾ ਹੈ ਜਿਹੜਾ ਹਲ਼ ਚਲਾਉਣ ਵੇਲੇ ਵੀ ਕਦੀ ਬਲ਼ਦ ਦੇ ਸੋਟੀ ਨਹੀਂ ਸੀ ਮਾਰਦਾ। ਇਸ ਸੂਰਤ ਵਿਚ ਹਿੰਸਾ ਦੇ ਅਰਥ ਉਹ ਨਹੀਂ ਰਹਿੰਦੇ ਜੋ ਅਕਸਰ ਅਤੇ ਆਮ ਤੌਰ 'ਤੇ ਪ੍ਰਚਾਰੇ-ਪ੍ਰਸਾਰੇ ਜਾਂਦੇ ਹਨ।

ਪੰਜਾਬ ਦਾ ਇਤਿਹਾਸ ਸ਼ਹਾਦਤਾਂ ਨਾਲ ਭਰਿਆ ਪਿਆ ਹੈ ਪਰ ਜਦੋਂ ਬੂਝਾ ਸਿੰਘ ਵਰਗਾ ਬਜ਼ੁਰਗ ਇਹ ਰਸਤਾ ਅਖ਼ਤਿਆਰ ਕਰਦਾ ਹੈ ਤਾਂ ਇਸ ਦੇ ਅਰਥਾਂ ਨੂੰ ਡਾਢੀ ਜਰਬ ਆ ਜਾਂਦੀ ਹੈ ਅਤੇ ਇਹ ਮਸਲਾ ਵਿਚਾਰਨ ਲਈ ਫ਼ਿਰ ਤੁਹਾਨੂੰ ਪੁਰਾਣੇ ਮੀਟਰ ਲਾਂਭੇ ਰੱਖਣੇ ਪੈਂਦੇ ਹਨ। ਸਿਰਫ਼ ਇਸ ਤਰ੍ਹਾਂ ਹੀ ਜ਼ਿੰਦਗੀ ਦੇ ਮੋਕਲੇ ਪਿੜ ਵਿਚ ਵਿਚਰਦੇ ਅਜਿਹੇ ਨਾਇਕਾਂ ਨਾਲ ਇਨਸਾਫ਼ ਕੀਤਾ ਜਾ ਸਕਦਾ ਹੈ। ਬਾਬਾ ਜਿੱਥੇ ਵੀ ਜਾਂਦਾ ਹੈ, ਪੈੜਾਂ ਛੱਡਦਾ ਜਾਂਦਾ ਹੈ। ਨੇਤਾਜੀ ਸੁਭਾਸ਼ ਚੰਦਰ ਬੋਸ ਨੂੰ ਮਨਾ ਵੀ ਲੈਂਦਾ ਹੈ ਅਤੇ ਬੋਸ ਨੂੰ ਰੂਸ ਲਿਜਾਉਣ ਲਈ ਉਹ ਪੂਰਾ ਹੰਭਲਾ ਮਾਰਦਾ ਹੈ। ਇਸੇ ਤਰ੍ਹਾਂ ਵਿਦੇਸ਼ ਵਿਚ ਜਦੋਂ ਗ਼ਦਰੀਆਂ ਦੀ ਯਾਦਗਾਰ ਲਈ ਫੰਡ ਇਕੱਠਾ ਕਰਨ ਗਏ ਸਾਥੀਆਂ ਨੂੰ ਦਿੱਕਤ ਆਉਂਦੀ ਹੈ ਤਾਂ ਦੇਸ ਤੋਂ ਬੂਝਾ ਸਿੰਘ ਨੂੰ ਹੀ ਉੱਥੇ ਬੁਲਾਇਆ ਜਾਂਦਾ ਹੈ। ਅਜਮੇਰ ਸਿੱਧੂ ਨੇ ਇਸ ਕਿਤਾਬ ਵਿਚ ਇਨ੍ਹਾਂ ਪੈੜਾਂ ਦੀ ਖ਼ੂਬ ਨਿਸ਼ਾਨਦੇਹੀ ਕੀਤੀ ਹੈ। ਬਾਬੇ ਬਾਰੇ ਇੰਨੀ ਭਰਪੂਰ ਰਚਨਾ ਪਹਿਲੀ ਵਾਰ ਕਿਤਾਬ ਦੇ ਰੂਪ ਵਿਚ ਸਾਹਮਣੇ ਆਈ ਹੈ। ਕਿਤਾਬ ਵਿਚ ਸ਼ਾਮਲ ਭਰਪੂਰ ਵੇਰਵਿਆਂ ਅਤੇ ਬਾਬੇ ਦੀ ਸਰਗਰਮ ਜ਼ਿੰਦਗੀ ਤੇ ਜ਼ਿੰਦਗੀ ਵਿਚ ਹੋਈ ਵੱਡੀ ਉਥਲ-ਪੁਥਲ ਦਾ ਹੀ ਪ੍ਰਤਾਪ ਹੈ ਕਿ ਨਾਟਕਾਂ-ਫ਼ਿਲਮਾਂ ਨਾਲ ਜੁੜੇ ਪੱਤਰਕਾਰ-ਲੇਖਕ ਬਖ਼ਸ਼ਿੰਦਰ ਨੇ ਬਾਬਾ ਬੂਝਾ ਸਿੰਘ ਬਾਰੇ 'ਬਾਬਾ ਇਨਕਲਾਬ ਸਿੰਘ' ਦੇ ਨਾਂ ਹੇਠ ਪੂਰੀ ਫ਼ੀਚਰ ਫ਼ਿਲਮ ਦੀ ਪਟਕਥਾ (ਸਕਰਿਪਟ) ਲਿਖ ਲਈ ਹੈ। ਇਸ ਕਿਤਾਬ ਵਾਂਗ ਤਕਰੀਬਨ 90 ਦ੍ਰਿਸ਼ਾਂ ਵਾਲੀ ਇਹ ਪਟਕਥਾ ਵੀ ਇਹੀ ਦੱਸਦੀ ਹੈ ਕਿ ਬਾਬੇ ਦਾ ਕੱਦ-ਬੁੱਤ ਕਿੱਡਾ ਵਿਰਾਟ ਸੀ!

ਬੂਝਾ ਸਿੰਘ ਦਾ ਸਾਰਾ ਜੀਵਨ ਬਹੁਤ ਘਟਨਾ ਭਰਪੂਰ ਸੀ। ਸਾਧਾਰਨ ਕਿਸਾਨ ਟੱਬਰ ਵਿਚ ਜੰਮਿਆ-ਪਲਿਆ ਬੂਝਾ ਸਿੰਘ ਛੇਤੀ ਹੀ ਬਾਪੂ-ਬੇਬੇ ਨੂੰ ਨਿਕੰਮਾ ਦਿਸਣ ਲੱਗ ਪੈਂਦਾ ਹੈ। ਉਹਨੂੰ ਲੀਹੇ ਪਾਉਣ ਲਈ ਉਹਨੂੰ ਪਿੰਡ ਦੇ ਇਕ ਡੇਰੇ ਭੇਜਿਆ ਜਾਂਦਾ ਹੈ। ਫ਼ਿਰ ਹੋਰ ਗ਼ਦਰੀਆਂ ਦੇ ਪਿਛੋਕੜ ਵਾਂਗ ਉਹ ਵੀ ਟੱਬਰ ਖ਼ਾਤਰ, ਕਮਾਈ ਕਰਨ ਪਰਦੇਸੀ ਹੁੰਦਾ ਹੈ। ਜਦੋਂ ਘਰ ਪਰਤਦਾ ਹੈ ਤਾਂ ਘਰਦਿਆਂ ਦੀ ਆਸ ਦੇ ਉਲਟ ਉਹਦੇ ਪੱਲੇ ਵਿਚ ਪੈਸਿਆਂ ਦੀ ਥਾਂ ਇਨਕਲਾਬ ਦੀ ਚੰਗਿਆੜੀਆਂ

ਹਨ। ਪੂਰੀ ਕਿਤਾਬ ਇਨ੍ਹਾਂ ਚੰਗਿਆੜੀਆਂ ਦੀ ਗਵਾਹੀ ਹੈ। ਉਹ ਆਪਣੇ ਟੱਬਰ ਦੀ ਥਾਂ ਕੁੱਲ ਜਹਾਨ ਦੇ ਗ਼ਰੀਬਾਂ ਦੀ ਕਬੀਲਦਾਰੀ ਨਜਿੱਠਣ ਤੁਰ ਪਿਆ ਸੀ। ਕੋਈ ਇਸ ਨੂੰ ਆਪਣੇ ਟੱਬਰ ਤੋਂ ਮੂੰਹ ਮੋੜਨਾ ਵੀ ਕਹਿ ਸਕਦਾ ਹੈ, ਉਸ ਉੱਤੇ ਮਾੜਾ ਪਤੀ, ਮਾੜਾ ਪਿਓ, ਮਾੜਾ ਭਰਾ ਹੋਣ ਦੇ ਇਲਜ਼ਾਮ ਵੀ ਲਾ ਸਕਦਾ ਹੈ ਪਰ ਕੀ ਬੂਝਾ ਸਿੰਘ ਦੀਆਂ ਸਰਗਰਮੀਆਂ ਦੇ ਮੱਦੇਨਜ਼ਰ ਅਜਿਹੀਆਂ ਗੱਲਾਂ ਗ਼ੈਰ-ਦਿਆਨਤਦਾਰੀ ਵਾਲੀਆਂ ਨਹੀਂ? ਕਿਸੇ ਇਨਕਲਾਬੀ ਨਾਲ ਇਉਂ ਇਨਸਾਫ਼ ਕੀਤਾ ਜਾ ਸਕਦਾ ਹੈ? ਬਾਬੇ ਦੇ ਘਰੋਂ ਜਾਣ ਤੋਂ ਬਾਅਦ ਉਹਦੀ ਪਤਨੀ ਧੰਤੀ ਹੀ ਘਰ ਸਾਂਭਦੀ ਹੈ, ਧੀਆਂ ਦੇ ਵਿਆਹ ਕਰਦੀ ਹੈ। ਬਾਬੇ ਅਤੇ ਉਸ ਦੇ ਪਰਿਵਾਰ ਦੀ ਕੁਰਬਾਨੀ ਅਮੁੱਲ ਹੈ। ਇਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ। ਕਿਤਾਬ ਵਿਚ ਇਹ ਪੜ੍ਹ ਕੇ ਖ਼ੁਸ਼ੀ ਭਰੀ ਹੈਰਾਨੀ ਹੁੰਦੀ ਹੈ ਕਿ ਲਾਲ ਸਿੰਘ ਦਿਲ ਅਤੇ ਸੰਤ ਰਾਮ ਉਦਾਸੀ ਤੋਂ ਇਲਾਵਾ ਬਿਰਹਾ ਦੇ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਵੀ ਬਾਬਾ ਬੂਝਾ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਵਿਤਾ ਲਿਖੀ ਸੀ।

ਇਸ ਕਿਤਾਬ ਦੇ ਚਾਰ ਭਾਗ ਹਨ। ਪਹਿਲੇ ਵਿਚ ਬਾਬੇ ਦਾ ਜੀਵਨ ਬਿਰਤਾਂਤ, ਦੂਜੇ ਵਿਚ ਵੱਖ ਵੱਖ ਵੇਲੇ ਵੱਖ ਵੱਖ ਤਹਿਰੀਕਾਂ-ਜਥੇਬੰਦੀਆਂ ਵਿਚ ਕੀਤੀ ਘਾਲਣਾ ਦਾ ਲੇਖਾ-ਜੋਖਾ ਹੈ। ਤੀਜੇ ਭਾਗ ਵਿਚ ਬਾਬੇ ਬਾਰੇ ਉਨ੍ਹਾਂ ਦੇ ਸਾਥੀ ਬਾਬਾ ਭਗਤ ਸਿੰਘ ਬਿਲਗਾ, ਬਾਬੇ ਦੇ ਦੋਹਤੇ ਮੱਖਣ ਸਿੰਘ ਜੌਹਲ, ਸ਼ਿਵ ਕੁਮਾਰ ਮਿਸ਼ਰ ਤੇ ਕਾਮਰੇਡ ਦਰਸ਼ਨ ਖਟਕੜ ਦੇ ਲੇਖ ਹਨ। ਚੌਥੇ ਵਿਚ ਬਾਬੇ ਨਾਲ ਬਾਵਸਤਾ ਦਸਤਾਵੇਜ਼ ਦਰਜ ਕੀਤੇ ਗਏ ਹਨ। ਇਹ ਕਿਤਾਬ ਦਰਅਸਲ ਬਾਬੇ ਦੇ ਸਾਥੀ ਬਾਬਾ ਭਗਤ ਸਿੰਘ ਬਿਲਗਾ ਦੇ ਲੇਖ 'ਮੇਰਾ ਭਾਈ' ਦਾ ਹੀ ਵਿਸਥਾਰ ਹੈ ਪਰ ਅਜਮੇਰ ਸਿੱਧੂ ਨੇ ਜਿੰਨੇ ਦਸਤਾਵੇਜ਼ ਫ਼ਰੋਲ ਕੇ ਅਤੇ ਜਿੰਨੇ ਬੰਦਿਆਂ ਨੂੰ ਮਿਲ ਕੇ ਨਿਚੋੜ ਪੇਸ਼ ਕੀਤਾ ਹੈ, ਉਸ ਨਾਲ ਇਕੱਲੀ ਬਾਬੇ ਦੀ ਸ਼ਖ਼ਸੀਅਤ ਹੀ ਨਹੀਂ ਸਗੋਂ ਪੰਜਾਬੀਆਂ ਵੱਲੋਂ ਲੜੀਆਂ ਲੜਾਈਆਂ ਦੇ ਨਕਸ਼ ਵੀ ਉੱਭਰਦੇ ਹਨ। ਪਹਿਲੇ ਭਾਗ ਦੇ ਪਹਿਲੇ ਲੇਖ 'ਸਾਧਾਂ ਦੇ ਡੇਰੇ' ਤੋਂ ਲੈ ਕੇ ਦੂਜੇ ਭਾਗ ਦੇ ਆਖ਼ਰੀ ਲੇਖ 'ਨਕਸਲਬਾੜੀ ਲਹਿਰ' ਤੱਕ ਦਾ ਸਫ਼ਰ ਬਾਬਾ ਬੂਝਾ ਸਿੰਘ ਦਾ ਜੀਵਨ ਸਫ਼ਰ ਨਹੀਂ ਬਲਕਿ ਪੰਜਾਬ ਦੀ ਕਮਿਊਨਿਸਟ ਲਹਿਰ ਦੀ ਸਾਰਥਕ ਝਾਕੀ ਹੋ ਨਿਬੜਦਾ ਹੈ। ਕਿਤਾਬ ਵਿਚ ਗ਼ਦਰ ਲਹਿਰ, ਕਿਰਤੀ ਲਹਿਰ, ਪੈਪਸੂ ਮੁਜਾਰਾ ਲਹਿਰ, ਲਾਲ ਪਾਰਟੀ ਤੇ ਨਕਸਲੀ ਲਹਿਰ ਬਾਬਤ ਚਰਚਾ ਕੀਤੀ ਗਈ ਹੈ।

ਬੂਝਾ ਸਿੰਘ 1964 ਵਿਚ ਸੀ.ਪੀ.ਆਈ.(ਐੱਮ.) ਪੰਜਾਬ ਦੀ ਅਖ਼ਬਾਰ 'ਲੋਕ ਜਮਹੂਰੀਅਤ' ਦਾ ਸੰਪਾਦਕ ਸੀ। ਪਿੱਛੋਂ 'ਲੋਕ ਲਹਿਰ' ਦੇ ਸੰਪਾਦਕੀ ਮੰਡਲ ਵਿਚ ਵੀ ਰਹੇ ਪਰ ਕਿਤਾਬ ਵਿਚ ਬਾਬੇ ਦਾ ਇਕ ਵੀ ਲੇਖ ਜਾਂ ਟਿੱਪਣੀ ਨਹੀਂ। ਚੰਗਾ ਹੁੰਦਾ ਜੇ ਉਨ੍ਹਾਂ ਦੇ ਲੇਖ ਲੱਭ ਕੇ ਇਸ ਕਿਤਾਬ ਵਿਚ ਸ਼ਾਮਲ ਕੀਤੇ ਜਾਂਦੇ। ਉਂਝ ਪੰਜਾਬੀਆਂ ਬਾਰੇ ਇਹ ਆਮ ਮਸ਼ਹੂਰ ਹੈ ਕਿ ਇਹ ਇਤਿਹਾਸ ਬਣਾਉਂਦੇ ਜ਼ਰੂਰ ਹਨ ਪਰ ਇਹਨੂੰ ਸਾਂਭਣ-ਸੰਭਾਲਣ ਵੱਲ ਬਹੁਤੀ ਤਵੱਜੋਂ ਨਹੀਂ ਦਿੰਦੇ ਹਾਲਾਂਕਿ ਇਹ ਕਾਰਜ ਤਾਂ ਇਤਿਹਾਸ ਬਣਾਉਣ ਦੇ ਅਮਲ ਨਾਲੋਂ ਵੀ ਵੱਧ ਮਹੱਤਵਪੂਰਨ ਹੈ ਕਿਉਂਕਿ ਆਉਣ ਵਾਲੀਆਂ ਪੀੜ੍ਹੀਆਂ ਨੇ ਅਤੀਤ-ਇਤਿਹਾਸ ਵਿਚੋਂ ਲੰਘ ਕੇ ਹੀ ਵਰਤਮਾਨ ਨਾਲ ਦੋ-ਚਾਰ ਹੋਣਾ ਹੁੰਦਾ ਹੈ ਅਤੇ ਭਵਿੱਖ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਝਾਕਣਾ ਹੁੰਦਾ ਹੈ। ਇਨ੍ਹਾਂ ਮਸਲਿਆਂ ਬਾਬਤ ਇਨਕਲਾਬਪਸੰਦ ਭਗਤ ਸਿੰਘ ਬਹੁਤ ਸੁਚੇਤ ਸੀ। ਉਸ ਨੇ ਆਜ਼ਾਦੀ ਲਈ ਹੰਭਲਾ ਮਾਰਨ ਵਾਲੇ ਸ਼ਖ਼ਸਾਂ ਅਤੇ ਉਨ੍ਹਾਂ ਲਹਿਰਾਂ ਬਾਬਤ ਲਿਖਣ ਦਾ ਯਤਨ ਕੀਤਾ ਜਿਨ੍ਹਾਂ ਸਥਾਪਿਤ ਸੱਤਾ ਨੂੰ ਵੰਗਾਰਿਆ ਸੀ। ਇੱਥੇ ਇਕ ਨੁਕਤਾ ਲਾਜ਼ਮੀ ਤੌਰ 'ਤੇ ਵਿਚਾਰਨਾ ਬਣਦਾ ਹੈ। ਭਗਤ ਸਿੰਘ ਨੇ ਜਦੋਂ ਦੇਸ਼ ਦੀ ਆਜ਼ਾਦੀ ਲਈ ਜੂਝ ਮਰਨ ਵਾਲਿਆਂ ਬਾਬਤ ਲਿਖਿਆ ਤਾਂ ਆਪਣੀ ਵਿਚਾਰਧਾਰਾ ਉਨ੍ਹਾਂ ਉੱਤੇ ਨਹੀਂ ਥੋਪੀ ਬਲਕਿ ਉਨ੍ਹਾਂ ਬਾਰੇ ਉਸੇ ਕੋਣ ਤੋਂ ਲਿਖਿਆ ਜਿਸ ਧਰਾਤਲ 'ਤੇ ਉਹ ਆਪਣੇ ਸਮਿਆਂ ਦੌਰਾਨ ਵਿਚਰੇ ਸਨ। ਇਹ ਭਾਵੇਂ ਮਦਨ ਲਾਲ ਢੀਂਗਰਾ ਸੀ ਜਾਂ ਕੂਕੇ ਸਨ ਅਤੇ ਜਾਂ ਫਿਰ ਗ਼ਦਰੀ ਸਨ। ਇਤਿਹਾਸ ਵੱਲ ਇੰਨੀ ਦਿਆਨਤਦਾਰੀ ਅਤੇ ਈਮਾਨਦਾਰੀ ਵਿਰਲੀ ਹੀ ਦੇਖਣ ਨੂੰ ਮਿਲਦੀ ਹੈ। ਅਜਕੱਲ ਤਾਂ ਹਰ ਨਾਇਕ ਨੂੰ ਆਪਣੇ ਹਿਸਾਬ ਨਾਲ ਵਰਤਣ ਦਾ ਰਿਵਾਜ ਹੀ ਪੈ ਗਿਆ ਹੈ। ਇਹ ਪਹੁੰਚ ਕਿਸੇ ਵਿਸ਼ੇਸ਼ ਧੜੇ ਦੀ ਸਿਆਸਤ ਲਈ ਥੋੜ੍ਹੇ ਚਿਰ ਲਈ ਤਾਂ ਠੁੰਮਣਾ ਬਣ ਸਕਦੀ ਹੈ ਪਰ ਇਸ ਨਾਲ ਇਤਿਹਾਸ ਦੇ ਪਾਤਰਾਂ ਨਾਲ ਵੱਡੀ ਬੇਇਨਸਾਫੀ ਹੁੰਦੀ ਹੈ ਅਤੇ ਇਹ ਉਸ ਸਮੇਂ ਦੇ ਇਤਿਹਾਸ ਨੂੰ ਸਮਝਣ-ਸਮਝਾਉਣ ਵਿਚ ਅੜਿੱਕਾ ਬਣਦੀ ਹੈ।

ਉਂਝ ਇਹ ਵੀ ਸਚਾਈ ਹੈ ਕਿ ਬਾਬਾ ਬੂਝਾ ਸਿੰਘ ਦਾ ਵਾਸਤਾ ਸਮੇਂ ਦੀਆਂ ਉਨ੍ਹਾਂ ਲਹਿਰਾਂ ਨਾਲ ਰਿਹਾ ਜਿਹੜੀਆਂ ਸੱਤਾ ਨੂੰ ਵੰਗਾਰ ਰਹੀਆਂ ਸਨ। ਅਜਿਹੀਆਂ ਵਿਦਰੋਹੀ ਲਹਿਰਾਂ ਬਾਰੇ ਦਸਤਾਵੇਜ਼ ਹਾਸਲ/ਇਕੱਠੇ ਕਰਨ ਵਿਚ ਲੇਖਕਾਂ ਨੂੰ ਬੇਸ਼ੁਮਾਰ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਤਾਂ ਕੁਝ ਡਰ ਪੱਖੋਂ ਅਤੇ ਦੂਜੇ ਅਣਗਹਿਲੀ ਕਾਰਨ ਦਸਤਾਵੇਜ਼ ਨਸ਼ਟ ਹੋ ਗਏ। ਇਸ ਲਹਿਰ ਨਾਲ ਜੁੜੇ ਬਹੁਤੇ ਕਾਰਕੁਨ ਜਾਂ ਆਗੂ ਬਹੁਤੀਆਂ ਗੱਲਾਂ ਜਾਂ ਦਸਤਾਵੇਜ਼ ਸਾਂਝਾ ਕਰਨ ਤੋਂ ਵੀ ਗੁਰੇਜ਼ ਕਰਦੇ ਹਨ। ਅਜਮੇਰ ਸਿੱਧੂ ਦਾ ਇਸ ਬਾਰੇ ਤਜਰਬਾ ਤਾਂ ਹੋਰ ਵੀ ਮਾੜਾ ਹੈ। ਪਹਿਲਾਂ ਨਕਸਲੀ ਆਗੂ ਦਰਸ਼ਨ ਦੁਸਾਂਝ ਅਤੇ ਫ਼ਿਰ ਬੂਝਾ ਸਿੰਘ ਬਾਰੇ ਜਦੋਂ ਉਹਨੇ ਦਸਤਾਵੇਜ਼ ਇਕੱਠੇ ਕਰਨੇ ਸ਼ੁਰੂ ਕੀਤੇ ਤਾਂ ਉਸ ਨੂੰ ਸ਼ੱਕੀ ਨਜ਼ਰਾਂ ਨਾਲ ਦੇਖਿਆ ਗਿਆ। ਉਸ ਬਾਰੇ ਜਾਂਚ ਲਈ ਕਮੇਟੀਆਂ ਵੀ ਬਣਾਈਆਂ ਗਈਆਂ। ਅਜਿਹੀਆਂ ਕਾਰਵਾਈਆਂ ਦਾ ਬਹੁਤਾ ਆਧਾਰ ਭਾਵੇਂ ਧੜੇਬੰਦੀਆਂ ਹੀ ਸਨ ਪਰ ਸਾਂਭ-ਸਭਾਲ ਦੀ ਮੁਹਿੰਮ ਨੂੰ ਢਾਹ ਤਾਂ ਲਗਦੀ ਹੀ ਹੈ। ਬਾਬਾ ਅਜਿਹੀ ਸੰਕੀਰਨਤਾ ਬਾਰੇ ਬੜਾ ਸੁਚੇਤ ਸੀ ਅਤੇ ਇਸ ਦੇ ਖ਼ਿਲਾਫ਼ ਸੀ। ਨਕਸਲੀ ਲਹਿਰ ਵਿਚ ਪਹਿਲੀ ਫੁੱਟ ਦਾ ਬਾਬੇ ਨੇ ਜ਼ੋਰਦਾਰ ਵਿਰੋਧ ਕੀਤਾ।

ਦਰਅਸਲ ਬਾਬੇ ਦਾ ਹਰ ਵਕਤ ਮੁੱਖ ਏਜੰਡਾ ਇਨਕਲਾਬ ਹੁੰਦਾ ਸੀ ਅਤੇ ਇਸੇ ਮੁਤਾਬਕ ਉਸ ਦੀ ਸਰਗਰਮੀ ਚੱਲਦੀ ਸੀ। ਅਜਮੇਰ ਨੇ ਬਾਬੇ ਬਾਰੇ ਇਹ ਨੁਕਤਾ ਬੜੀ ਬਾਰੀਕੀ ਨਾਲ ਫੜਿਆ ਹੈ।

ਇਸ ਕਿਤਾਬ ਦੇ ਮੁੱਢ ਵਿਚ ਦਿੱਤੀ ਦੱਸ ਮੁਤਾਬਕ ਅਜਮੇਰ ਸਿੱਧੂ ਇਸ ਤੋਂ ਪਹਿਲਾਂ ਕਾਮਰੇਡ ਦਰਸ਼ਨ ਦੁਸਾਂਝ ਦੀ ਜੀਵਨੀ 'ਤੁਰਦੇ ਪੈਰਾਂ ਦੀ ਦਾਸਤਾਨ' ਲਿਖ ਚੁੱਕਾ ਹੈ ਅਤੇ ਕਾਮਰੇਡ ਜੈਮਲ ਸਿੰਘ ਪੱਡਾ ਦੇ ਜੀਵਨ ਤੇ ਰਚਨਾ ਬਾਰੇ ਕਿਤਾਬ ਵੀ ਉਹਨੇ ਤਿਆਰ ਕੀਤੀ ਹੈ। ਕਹਾਣੀਆਂ ਦੀਆਂ ਦੋ ਕਿਤਾਬਾਂ-'ਨਚੀਕੇਤਾ ਦੀ ਮੌਤ' ਤੇ 'ਖੂਹ ਗਿੜਦਾ ਹੈ', ਛਪ ਚੁੱਕੀਆਂ ਹਨ। 12-13 ਤੋਂ ਉਹ ਦੋ ਮਾਸਿਕ ਪਰਚਾ 'ਵਿਗਿਆਨ ਜੋਤ' ਕੱਢ ਰਿਹਾ ਹੈ। ਹੋਰ ਵੀ ਕਈ ਕੁੱਝ ਗਾਹੇ-ਬਗਾਹੇ ਛਪਦਾ ਰਹਿੰਦਾ ਹੈ। ਇੱਦਾਂ ਦੇ ਲੇਖਕ ਬਾਰੇ ਜੇ ਭਾਸ਼ਾ ਦੇ ਸਿਲਸਿਲੇ ਚ ਗੱਲ ਕਰਨੀ ਪੈ ਜਾਵੇ ਤਾਂ ਡਾਢੀ ਔਖ ਮਹਿਸੂਸ ਹੁੰਦੀ ਹੈ। ਇਹ ਕਿਤਾਬ ਪੜ੍ਹਦਿਆਂ ਲੋਕਾਂ ਦੇ ਕੋਣ ਤੋਂ ਇਤਿਹਾਸ ਦੀ ਚਰਚਾ ਚਲਾਉਣ ਵਾਲੇ ਇਤਿਹਾਸਕਾਰ ਐਰਿਕ ਹੌਬਸਬਾਮ ਦਾ ਚੇਤਾ ਰਹਿ ਰਹਿ ਕੇ ਆਇਆ। ਇਸ ਸ਼ਖ਼ਸ ਨੇ ਲੋਕ ਇਤਿਹਾਸ ਦੀ ਗੱਲ ਬੜੇ ਠੁੱਕ ਨਾਲ ਕੀਤੀ ਸੀ। ਲੋਕ ਇਤਿਹਾਸ ਲਈ ਜਿਹੜੀ ਲੋਕ ਭਾਸ਼ਾ ਅਤੇ ਜਿਹੜੀ ਪਹੁੰਚ ਦਰਕਾਰ ਹੈ, ਉਸ ਬਾਬਤ ਅਜਮੇਰ ਫ਼ਿਲਹਾਲ ਬਹੁਤਾ ਸੁਚੇਤ ਨਹੀਂ। ਬੜੀ ਥਾਈਂ ਹੈਰਾਨੀ ਹੋਈ ਕਿ ਮੌਖਿਕ ਇਤਿਹਾਸ ਰਾਹੀਂ ਇੰਨੀਆਂ ਪਰਤਾਂ ਫ਼ਰੋਲਣ ਵਾਲਾ ਲਿਖਾਰੀ, ਲਿਖਣ ਵੇਲੇ ਇੰਨਾ ਅਵੇਸਲਾ ਕਿਉਂ ਹੋ ਗਿਆ। ਸਿਰਫ਼ ਇਕ ਮਿਸਾਲ ਦਿਆਂਗਾ। ਬਾਬਾ ਬੂਝਾ ਸਿੰਘ ਦੇ ਸ਼ਰਧਾਂਜਲੀ ਸਮਾਗਮ ਬਾਰੇ ਲੇਖਕ ਲਿਖਦਾ ਹੈ,"ਜਿਸ ਦਿਨ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ, ਚਾਰ ਖੇਤਾਂ ਵਿਚ ਭੀੜ ਸੀ।"... ਚਹੁੰ ਖੇਤਾਂ ਵਿਚ ਸਿਰਾਂ ਦਾ ਠਾਠਾਂ ਮਾਰਦਾ ਦਰਿਆ ਕਿਉਂ ਨਾ ਲਿਖਿਆ! ਅਜਮੇਰ ਨੇ ਜਿੰਨੀ ਮਿਹਨਤ ਤੇ ਲਗਨ ਨਾਲ ਦਸਤਾਵੇਜ਼ ਜੁਟਾਏ, ਉਹ ਸੁਧੇ ਸੋਨੇ ਵਾਲੀ ਗੱਲ ਹੈ ਪਰ ਜੇ ਕਿਤੇ ਭਾਸ਼ਾ ਵੱਲ ਵੀ ਖਿਆਲ ਹੋ ਜਾਂਦਾ ਤਾਂ ਸੋਨੇ ਉੱਤੇ ਸੁਹਾਗੇ ਵਾਲੀ ਹੋ ਜਾਣੀ ਸੀ।

ਖ਼ੈਰ, ਇਹ ਕਿਤਾਬ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਂਗਲ ਲਾ ਕੇ ਤੋਰਨ ਦਾ ਕੰਮ ਕਰੇਗੀ। ਇਹ ਕਿਤਾਬ ਪੜ੍ਹ ਕੇ ਤੁਹਾਨੂੰ ਲੱਗੇਗਾ, ਤੁਸੀਂ ਬਾਬੇ ਦਾ ਸਕੂਲ ਲਾ ਲਿਆ ਹੈ। ਬਾਬੇ ਦਾ ਸਕੂਲ ਲਾ ਕੇ ਇਸ ਬਿਖੜੇ ਪੈਂਦੇ ਉੱਤੇ ਚੱਲਣ ਵਾਲਾ ਕਿਰਪਾਲ ਸਿੰਘ ਬੀਰ ਬਾਬੇ ਬਾਰੇ ਬਹੁਤ ਹੁੱਬ ਕੇ ਗੱਲਾਂ ਕਰਦਾ ਹੈ। ਅਖੇ, ਸਕੂਲ ਲਾਉਣ ਤੋਂ ਬਾਅਦ ਬਾਬਾ ਟੈਸਟ ਵੀ ਲੈਂਦਾ ਸੀ। ਆਪ ਲਾਏ ਸਕੂਲ ਦਾ ਜ਼ਿਕਰ ਕਰਦਿਆਂ ਬੀਰ ਦੱਸਦਾ ਹੈ-ਪੰਜ ਜਣਿਆਂ ਦਾ ਲਿਖਤੀ ਟੈਸਟ ਹੋਇਆ ਜਿਸ ਵਿਚੋਂ ਦੋ ਪਾਸ ਹੋਏ ਤੇ ਤਿੰਨ ਫੇਲ੍ਹ। ਪਾਸ ਹੋਣ ਵਾਲੇ ਦੋਵੇਂ ਜਣੇ ਇਨਕਲਾਬੀ ਘੋਲ਼ਾਂ ਵਿਚੋਂ ਵੀ ਲਗਾਤਾਰ ਪਾਸ ਹੁੰਦੇ ਰਹੇ। ਇਨ੍ਹਾਂ ਵਿਚੋਂ ਇਕ ਕਿਰਪਾਲ ਸਿੰਘ ਬੀਰ ਹੈ ਜਿਹੜਾ ਅੱਜ 81 ਸਾਲ ਦੀ ਉਮਰ ਵਿਚ ਵੀ ਝੰਡਾ ਚੁੱਕੀ ਪਿੰਡੋ-ਪਿੰਡ ਘੁੰਮ ਰਿਹਾ ਹੈ। ਬਾਬੇ ਦੇ ਸਕੂਲ ਵਿਚ ਪੜ੍ਹੇ ਬੀਰ ਕੋਲ ਪਾਰਟੀ ਦੀ ਪੂਰੀ ਲੀਡਰਸ਼ਿਪ ਪੁੱਜਦੀ, ਪੁਲੀਸ ਦਾ ਛਾਪਾ ਵੀ ਪੈ ਜਾਂਦਾ ਪਰ ਪਿੰਡ ਵਿਚ ਲੀਡਰ ਟਿਕੇ ਹੋਣ ਦੇ ਬਾਵਜੂਦ ਕਦੀ ਕਿਸੇ ਦੀ ਗ੍ਰਿਫ਼ਤਾਰੀ ਨਾ ਹੋ ਸਕੀ।

ਇਹ ਕਿਤਾਬ ਬਾਬੇ ਦੇ ਸਿਰੜ ਦੀ ਕਹਾਣੀ ਹੈ। ਜਦੋਂ ਬਾਬੇ ਦਾ ਪੁਲੀਸ ਮੁਕਾਬਲਾ ਬਣਾਇਆ ਗਿਆ ਤਾਂ ਉਮਰ ਬਿਆਸੀਆਂ ਨੂੰ ਢੁੱਕ ਚੁੱਕੀ ਸੀ। ਨਜ਼ਰ ਕਮਜ਼ੋਰ ਹੋ ਗਈ ਸੀ। ਇਕ ਤੋਂ ਦੂਜੀ ਥਾਂ ਜਾਣ ਲਈ ਸਾਥੀ ਦਾ ਸਹਾਰਾ ਲੋੜੀਦਾ ਸੀ, ਫ਼ਿਰ ਵੀ ਵੇਲੇ ਦੀ ਬਾਦਲ ਸਰਕਾਰ ਨੂੰ ਬਾਬੇ ਤੋਂ ਖ਼ਤਰਾ ਸੀ। ਦਰਸ਼ਨ ਸਿੰਘ ਖਟਕੜ ਦਾ ਦਰਦ ਹੈ ਕਿ ਸਰਕਾਰ ਬਾਬੇ ਨੂੰ ਨਜ਼ਰਬੰਦ ਕਰ ਸਕਦੀ ਸੀ, ਝੂਠੇ ਮੁਕੱਦਮੇ ਬਣਾ ਕੇ ਜੇਲ੍ਹ ਅੰਦਰ ਡੱਕ ਸਕਦੀ ਸੀ ਪਰ ਜਿਵੇਂ ਨਹਿਰੂ ਦੀ ਜੇਲ੍ਹ ਵਿਚੋਂ ਕੁੱਬੇ ਹੋ ਆਏ ਬਾਬਾ ਸੋਹਣ ਸਿੰਘ ਭਕਨਾ ਨੇ ਕਿਹਾ ਸੀ ਕਿ ਅੰਗਰੇਜ਼ ਤਾਂ ਉਨ੍ਹਾਂ ਨੂੰ ਸਾਰੀ ਉਮਰ ਝੁਕਾਅ ਨਾ ਸਕੇ, 'ਆਪਣੀ' ਸਰਕਾਰ ਨੇ ਝੁਕਾਅ (ਕੁੱਬੇ ਕਰ) ਦਿੱਤਾ। ਉਵੇਂ ਹੀ ਬਾਬੇ ਨੂੰ ਇਸ ਬਾਰੇ ਪੂਰਾ ਇਲਮ ਸੀ। ਉਸ ਨੂੰ ਪਤਾ ਸੀ, ਉਹ ਕੀ ਕਰ ਰਿਹਾ ਹੈ ਅਤੇ ਇਸ ਦੀ ਕੀ ਕੀਮਤ ਤਾਰਨੀ ਪੈਣੀ ਹੈ। ਇਸੇ ਲਈ ਜਦੋਂ ਸਰਕਾਰ ਦੇ ਉਸ ਨੂੰ ਮਾਰਨ ਦੀ ਫ਼ੈਸਲੇ ਦੀ ਸੂਹ ਮਿਲਦੀ ਹੈ ਤਾਂ ਸਾਥੀਆਂ ਵੱਲੋਂ ਇਲਾਕਾ ਛੱਡ ਕੇ ਇਧਰ-ਉੱਧਰ ਹੋ ਜਾਣ ਸਲਾਹ ਨਾ ਮੰਨਦਿਆਂ ਉਹਨੇ ਕਿਹਾ ਕਿ ਜਿਨ੍ਹਾਂ ਮੁੰਡਿਆਂ ਨੂੰ ਉਹ ਇਨਕਲਾਬ ਲਈ ਤਿਆਰ ਕਰ ਗਿਆ ਹੈ, ਉਨ੍ਹਾਂ ਨੂੰ ਮੈਦਾਨ ਵਿਚ ਇਉਂ ਛੱਡ ਕੇ ਨਹੀਂ ਜਾਵੇਗਾ।ਉਹ ਕੀ ਸੋਚਣਗੇ ਕਿ ਭੀੜ ਪਈ ਤਾਂ ਲਾਂਭੇ ਹੋ ਗਿਆ।...ਸਾਬਤ ਕਦਮੀਂ ਤੁਰਨ ਦਾ ਇਹ ਜਲੌਅ ਬਾਬਾ ਬੂਝਾ ਸਿੰਘ ਦੇ ਹਿੱਸੇ ਆਇਆ ਹੈ ਅਤੇ ਇਹ ਕੁਰਬਾਨੀ ਇਨਕਲਾਬਪਸੰਦਾਂ ਨੂੰ ਪ੍ਰੇਰਦੀ ਰਹੇਗੀ। ਅਜਮੇਰ ਸਿੱਧੂ ਇਸ ਪ੍ਰੇਰਨਾ ਨੂੰ ਨਵੀਂ ਪੀੜ੍ਹੀ ਤੱਕ ਅਪੜਾਉਣ ਦਾ ਜ਼ਰੀਆ ਬਣਿਆ ਹੈ।

***